# ਮਿਤੀ 24.8.2016 ਨੂੰ ਮਾਨਯੋਗ ਸ਼੍ਰੀ ਚੁਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 22ਵੀਂ ਮੀਟਿੰਗ ਦੀ ਕਾਰਵਾਈ ਰਿਪੋਟ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 22ਵੀਂ ਮੀਟਿੰਗ ਮਾਨਯੋਗ ਚੇਅਰਮੈਨ ਸ਼੍ਰੀ ਚੁਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 24.08.2016 ਨੂੰ ਸਮਾਂ 1.00 ਵਜੇ (ਬਾਅਦ ਦੁਪਹਿਰ) ਪੰਜਾਬ ਭਵਨ, ਸੈਕਟਰ-3 ਚੰਡੀਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਡਾ: ਰੋਸ਼ਨ ਸੁੰਕਾਰੀਆ, ਆਈ.ਏ.ਐਸ. ਪ੍ਰਮੁੱਖ ਸਕੱਤਰ ਕਿਰਤ ਜੀ ਤੋਂ ਇਲਾਵਾ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾ ਵਲੋਂ ਭਾਗ ਲਿਆ ਗਿਆ:-

| ਲੜੀ ਨੰ: | ਮੈਂਬਰ | ਹਾਜ਼ਰ ਮੈਂਬਰ/ ਪ੍ਰਤੀਨਿਧੀ |
|---|---|---|
| 1 | ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, | ਸ੍ਰੀ ਮਹਿੰਗਾ ਸਿੰਘ ਕੰਗ, ਪ੍ਰੋਗਰਾਮ ਮੈਨੇਜਰ, ਦਫਤਰ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ। |
| 2 | ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ। | ਸ੍ਰੀ ਪ੍ਰੇਮ ਚੰਦ, ਵਧੀਕ ਪ੍ਰੋਗਰਾਮ ਡਾਇਰੈਕਟਰ, ਦਫਤਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ। |
| 3 | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਚੰਡੀਗੜ੍ਹ। | ਸ੍ਰੀ ਮੋਹਿੰਦਰ ਪਾਲ, ਸੁਪਰਡੰਟ ਇੰਜੀਨੀਅਰ (ਪੀ.ਆਰ) ਦਫਰਤ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਪੰਜਾਬ। |
| 4 | ਡਿਪਟੀ ਚੀਫ ਲੇਬਰ ਕਮਿਸ਼ਨਰ, ਭਾਰਤ ਸਰਕਾਰ, ਚੰਡੀਗੜ੍ਹ | ਸ੍ਰੀ ਪਦਮ ਸਿੰਘ, ਸਹਾਇਕ ਕਿਰਤ ਕਮਿਸ਼ਨਰ, ਕੇਂਦਰ ਸਰਕਾਰ, ਚੰਡੀਗੜ੍ਹ। |
| 5 | ਕਿਰਤ ਕਮਿਸ਼ਨਰ ਪੰਜਾਬ, ਚੰਡੀਗੜ੍ਹ। | ਸ੍ਰੀ ਤੇਜਿੰਦਰ ਸਿੰਘ ਧਾਲੀਵਾਲ, ਆਈ.ਏ.ਐਸ., ਕਿਰਤ ਕਮਿਸ਼ਨਰ ਪੰਜਾਬ। |
| 6 | ਸ੍ਰੀ ਕ੍ਰਿਸ਼ਨ ਪਾਲ ਸ਼ਰਮਾ ਪੁੱਤਰ ਲੇਟ ਸ੍ਰੀ ਮਿਲਖੀ ਰਾਮ ਸ਼ਰਮਾ, ਪਿੰਡ ਮੁਬਾਰਕਪੁਰ, ਐਮ.ਸੀ. ਡੇਰਾਬੱਸੀ। (C/o ਸ੍ਰੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾ. ਲਿਮ:) | ਸ੍ਰੀ ਕ੍ਰਿਸ਼ਨ ਪਾਲ ਸ਼ਰਮਾ |
| 7 | ਸ੍ਰੀ ਕਰਤਾਰ ਸਿੰਘ ਰਾਠੋਰ, ਭਾਰਤੀਯ ਮਜ਼ਦੂਰ ਸੰਘ, ਜੀ.ਟੀ. ਰੋਡ, ਜਲੰਧਰ। | ਸ੍ਰੀ ਕਰਤਾਰ ਸਿੰਘ ਰਾਠੋਰ |
| 8 | ਸ੍ਰੀ ਹਰਿੰਦਰਪਾਲ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ, ਪਿੰਡ ਵਡਾਲਾ ਬਾਂਗਰ, ਤਹਿ ਅਤੇ ਜਿਲ੍ਹਾਂ ਗੁਰਦਾਸਪੁਰ (ਗੁਰੂ ਕਿਰਪਾ ਐਸ/ਸੀ ਸੁਸਾਇਟੀ ਮਸਤਫਾਪੁਰ)। | ਸ੍ਰੀ ਹਰਿੰਦਰਪਾਲ ਸਿੰਘ |

ਇਸ ਮੀਟਿੰਗ ਵਿਚ ਹੇਠ ਲਿਖੇ ਮੈਂਬਰ ਗੈਰ ਹਾਜ਼ਰ ਰਹੇ:-

| ਲੜੀ ਨੰ: | ਮੈਂਬਰਾਂ ਦਾ ਨਾਂ |
|---|---|
| 1 | ਸ੍ਰੀ ਰਜਿੰਦਰ ਮਿੱਤਲ, ਐਮ.ਡੀ, ਮੈਸ: ਡੀ.ਡੀ. ਮਿੱਤਲ ਟਾਵਰ, ਬਠਿੰਡਾ। |
| 2 | ਸ੍ਰੀ ਮਨਜੀਤ ਸਿੰਘ, ਪਿੰਡ ਸਰੀਹ, ਤਹਿ. ਨਕੋਦਰ ਜਲੰਧਰ |
| 3 | ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ, ਆਦਰਸ ਨਗਰ, ਜਲੰਧਰ |

ਉਕਤ ਤੋਂ ਇਲਾਵਾ ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ ਵੀ ਸ਼ਾਮਲ ਸਨ:-

| ਲੜੀ ਨੰ: | ਦਫਤਰ | ਹਾਜ਼ਰ ਅਧਿਕਾਰੀ |
|---|---|---|
| 1 | ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ | 1. ਸ੍ਰੀ ਬੀਰਇੰਦਰਜੀਤ ਸਿੰਘ, ਪ੍ਰੋਜੈਕਟ ਡਾਇਰੈਕਟਰ, ਸਕਿਲ ਡਿਵੈਲਪਮੈਂਟ<br>2. ਸ੍ਰੀ ਸੋਢੀ ਮੱਲ, ਸਲਾਹਕਾਰ, ਬੋਰਡ<br>3. ਸ੍ਰੀ ਐਸ.ਐਸ.ਖਾਂਡੀ, ਡਿਪਟੀ ਸਕੱਤਰ, ਬੋਰਡ<br>4. ਸ੍ਰੀ ਜਗਦੀਸ਼ ਸੈਣੀ, ਲੇਖਾ ਅਫਸਰ, ਬੋਰਡ |
| 2 | ਕਿਰਤ ਵਿਭਾਗ | ਸ੍ਰੀਮਤੀ ਮੋਨਾ ਪੁਰੀ, ਡਿਪਟੀ ਕਿਰਤ ਕਮਿਸ਼ਨਰ, ਪੰਜਾਬ |

ਮੀਟਿੰਗ ਦੇ ਆਰੰਭ ਵਿੱਚ ਸ੍ਰੀ ਤੇਜਿੰਦਰ ਸਿੰਘ ਧਾਲੀਵਾਲ, ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ, ਵੱਲੋ ਮਾਨਯੋਗ ਕਿਰਤ ਮੰਤਰੀ-ਕਮ-ਚੈਅਰਮੈਨ ਬੋਰਡ, ਸ੍ਰੀ ਰੌਸ਼ਨ ਸੁੰਕਾਰੀਆ, ਪ੍ਰਮੁੱਖ ਸਕੱਤਰ ਕਿਰਤ ਅਤੇ ਮੀਟਿੰਗ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੈਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਸੁਰੂਆਤ ਵਿਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਸਾਰੇ ਸਰਕਾਰੀ ਮੈਂਬਰਾਂ ਨੂੰ ਪੱਤਰ ਲਿਖਿਆ ਜਾਵੇ ਕਿ ਬੋਰਡ ਵਿਚ ਬਹੁਤ ਗੰਭੀਰ ਮਸਲੇ ਵਿਚਾਰਨ ਯੋਗ ਹੁੰਦੇ ਹਨ ਇਸ ਲਈ ਮੀਟਿੰਗ ਵਿਚ ਸੀਨੀਅਰ ਅਧਿਕਾਰੀਆਂ ਨੂੰ ਹੀ ਮੀਟਿੰਗ ਅਟੈਂਡ ਕਰਨ ਲਈ ਭੇਜਿਆ ਜਾਵੇ।

ਮੈਂਬਰ ਸਕੱਤਰ ਵੱਲੋ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿੱਤੀ ਗਈ, ਜਿਨ੍ਹਾਂ ਬਾਰੇ ਬੋਰਡ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1 ਬੋਰਡ ਦੀ 21ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵੱਲੋ ਦੱਸਿਆ ਗਿਆ ਕਿ ਬੋਰਡ ਦੀ ਮਿਤੀ 19.07.2016 ਨੂੰ ਹੋਈ 21ਵੀਂ ਮੀਟਿੰਗ ਦੀ ਕਾਰਵਾਈ ਰਿਪੋਟ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ: ਬਕਵਵਬ/ਮੀਟਿੰਗ/2016-17/6715-6730, ਮਿਤੀ 19.08.2016 ਰਾਹੀਂ ਭੇਜ਼ ਦਿੱਤੀ ਗਈ ਸੀ ਜਿਸ ਬਾਰੇ ਕਿਸੇ ਮੈਂਬਰ ਪਾਸੋ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਅਨੁਸਾਰ ਬੋਰਡ ਵੱਲੋ 21ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ: 2 ਬੋਰਡ ਦੀ 21ਵੀਂ ਮੀਟਿੰਗ ਵਿੱਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵੱਲੋ 21ਵੀਂ ਮੀਟਿੰਗ ਸਬੰਧੀ ਆਈਟਮ ਵਾਈਜ਼ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿੱਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੈਂਬਰ ਸਾਹਿਬਾਨ ਵੱਲੋ ਵਿਚਾਰ ਵਟਾਂਦਰਾਂ ਕਰਨ ਉਪਰੰਤ ਇਸ ਆਈਟਮ ਵਿੱਚ ਦਰਜ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ :-

| | |
|---|---|
| 19ਵੀਂ ਮੀਟਿੰਗ ਅਜੰਡਾ ਆਈਟਮ ਨੰ:6 | ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਚਾਲੂ ਰੱਖਣ ਬਾਰੇ। |

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਹ ਸਕੀਮ ਜ਼ੋ ਮਿਤੀ 1.11.2016 ਤੋਂ ਅੱਗੇ ਇਕ ਸਾਲ ਲਈ ਚਲਾਈ ਜਾ ਰਹੀ ਹੈ, ਉਹ ਬੋਰਡ ਵਲੋਂ ਆਪਣੇ ਲਾਭਪਾਤਰੀਆਂ ਲਈ ਚਾਲੂ ਰੱਖੀ ਜਾਵੇ। ਮੀਟਿੰਗ ਵਿਚ ਬੋਰਡ ਵਲੋਂ ਕੇਂਦਰ ਸਰਕਾਰ ਦੀਆਂ ਬੀ.ਓ.ਸੀ.ਡਬਲਿਯੂ ਐਕਟ 1996 ਦੀ ਧਾਰਾ 60 ਅਧੀਨ ਮਿਤੀ 7.6.2016 ਨੂੰ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਵਿਸਤਾਰ ਪੂਰਵਕ ਵਿਚਾਰਿਆ ਗਿਆ। ਇਨ੍ਹਾਂ ਹਦਾਇਤਾਂ ਅਨੁਸਾਰ ਸੈਸ ਫੰਡ ਦੀ ਵਰਤੋਂ ਸਿਰਫ ਬੋਰਡ ਦੇ ਲਾਭਪਾਤਰੀਆਂ ਦੀ ਭਲਾਈ ਲਈ ਹੀ ਕੀਤੀ ਜਾਣੀ ਹੈ, ਇਸਲਈ ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਜਿਨ੍ਹਾਂ ਰਜਿਸਟਰਡ ਉਸਾਰੀ ਕਿਰਤੀਆਂ ਦਾ

ਡਾਟਾ ਬੀ.ਓ.ਸੀ.ਡਬਲਿਯੂ ਬੋਰਡ ਵਲੋਂ ਹੈਲਥ ਕਾਰਡ ਪ੍ਰੀ-ਪ੍ਰਿੰਟ ਕਰਵਾਉਣ ਲਈ ਬੀਮਾ ਕੰਪਨੀ ਨੂੰ ਭੇਜਿਆ ਜਾਵੇਗਾ, ਉਨ੍ਹਾਂ ਪ੍ਰੀ-ਪ੍ਰਿੰਟ ਕਾਰਡਾਂ ਦੀ ਹੀ ਪ੍ਰੀਮੀਅਮ ਦੀ ਰਾਸ਼ੀ ਬੋਰਡ ਵਲੋਂ ਬੀਮਾ ਕੰਪਨੀ ਨੂੰ ਅਦਾ ਕੀਤੀ ਜਾਵੇ ਅਤੇ ਜਿਹੜੇ ਉਸਾਰੀ ਕਿਰਤੀਆਂ ਦੇ ਪੰਜਾਬ ਸਰਕਾਰ ਵਲੋਂ ਬਲਿਯੂ ਕਾਰਡ ਬਣਾਏ ਹੋਏ ਹਨ ਜੇਕਰ ਉਨ੍ਹਾਂ ਦੇ ਪ੍ਰੀ-ਪ੍ਰਿੰਟਿਡ ਕਾਰਡ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਤਿਆਰ ਕਰਵਾਏ ਜਾਂਦੇ ਹਨ ਤਾਂ ਉਨ੍ਹਾਂ ਦੇ ਪ੍ਰੀਮੀਅਮ ਦੀ ਰਾਸ਼ੀ ਬੀਮਾ ਕੰਪਨੀ ਨੂੰ ਬੋਰਡ ਵਲੋਂ ਨਹੀਂ ਦਿਤੀ ਜਾਵੇਗੀ। ਬੋਰਡ ਵਲੋਂ ਆਦੇਸ਼ ਦਿਤੇ ਗਏ ਕਿ ਕਿਰਤੀਆਂ ਦੀ ਜਾਣਕਾਰੀ ਲਈ ਇਸ ਗੱਲ ਦਾ ਪ੍ਰਚਾਰ ਕੀਤਾ ਜਾਵੇ ਕਿ ਬੋਰਡ ਵਲੋਂ ਲਾਭਪਾਤਰੀਆਂ ਦੀ ਭਲਾਈ ਲਈ ਬਣਾਈਆਂ ਗਈਆਂ ਹੋਰ ਸਿਹਤ ਸਕੀਮਾਂ ਜਿਵੇਂ ਕਿ ਜਨਰਲ ਸਰਜਰੀ, ਖਤਰਨਾਕ ਬਿਮਾਰੀਆਂ ਅਤੇ ਸੀਲੀਕਾਸਜ਼ ਆਦਿ ਦੇ ਇਲਾਜ ਲਈ ਕੁੱਲ ਖਰਚੇ ਵਿੱਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ 50,000/- ਰੁਪਏ ਤੱਕ ਮਿਲਣ ਵਾਲੇ ਮੁਫਤ ਲਾਭ ਦੀ ਰਾਸ਼ੀ ਵੀ ਸ਼ਾਮਿਲ ਹੋਵੇਗੀ ਅਤੇ 50,000/- ਰੁਪਏ ਤੋਂ ਉਪਰ ਦੇ ਇਲਾਜ ਦੀ ਪ੍ਰਤੀ ਪੂਰਤੀ ਬੋਰਡ ਵਲੋਂ ਅਲੱਗ ਤੋਂ ਕੀਤੀ ਜਾਵੇਗੀ।

| | |
|---|---|
| 19ਵੀਂ ਮੀਟਿੰਗ<br>ਸਪਲੀਮੈਂਟਰੀ ਅਜੰਡਾ<br>ਆਈਟਮ ਨੰ: 1 | ਬੋਰਡ ਦੀ ਵਜੀਫ਼ਾ ਸਕੀਮ ਵਿੱਚ ਸੋਧ ਕਰਨ ਬਾਰੇ। |

ਬੋਰਡ ਦੀ 21ਵੀਂ ਮੀਟਿੰਗ ਵਿਚ ਸ੍ਰੀ ਕਰਤਾਰ ਸਿੰਘ ਰਾਠੌਰ ਵਲੋਂ ਤਜਵੀਜ ਦਿਤੀ ਗਈ ਸੀ ਕਿ ਆਂਧਰਾ ਪ੍ਰਦੇਸ਼ ਬੋਰਡ ਵਲੋਂ ਸਬ ਡਵੀਜਨ/ਜਿਲ੍ਹਾ ਪੱਧਰ ਤੇ ਲਾਭਪਾਤਰੀ ਨੂੰ ਲਾਭ ਵੰਡਣ ਲਈ ਬਣਾਈਆਂ ਕਮੇਟੀਆਂ ਦੀ ਸਟੱਡੀ ਕੀਤੀ ਜਾਵੇ। ਇਸ ਸਬੰਧ ਵਿਚ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਆਂਧਰਾ ਪ੍ਰਦੇਸ਼ ਬੋਰਡ ਦੇ ਵਧੀਕ ਲੇਬਰ ਕਮਿਸ਼ਨਰ-ਕਮ-ਸਕੱਤਰ ਬੋਰਡ ਆਫ ਆਂਧਰਾ ਪ੍ਰਦੇਸ਼ ਸ੍ਰੀ ਮੁਰਲੀ ਸਾਗਰ ਨਾਲ ਗਲ ਬਾਤ ਕੀਤੀ ਗਈ ਅਤੇ ਉਹਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਬ ਡਵੀਜਨ ਪੱਧਰ ਤੇ ਸਹਾਇਕ ਕਿਰਤ ਕਮਿਸ਼ਨਰ ਵਲੋਂ ਅਰਜੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਅਤੇ ਜਿਲ੍ਹਾਂ ਪੱਧਰ ਤੇ ਡਿਪਟੀ ਕਮਿਸ਼ਨਰ ਲੇਬਰ ਦੀ ਪ੍ਰਧਾਨਗੀ ਹੇਠ tripartite ਮੀਟਿੰਗ ਹੁੰਦੀ ਹੈ ਜਿਸ ਵਿਚ ਕਿਰਤ ਵਿਭਾਗ, ਇੰਪਲਾਇਰ ਅਤੇ ਕਿਰਤੀਆਂ ਦੇ ਨੁਮਾਇੰਦੇ ਹਾਜ਼ਰ ਹੁੰਦੇ ਹਨ। ਅਰਜ਼ੀਆ ਦੀ ਘੋਖ ਕਰਨ ਉਪਰੰਤ ਯੋਗ ਕਿਰਤੀਆਂ ਦੇ ਬੈਂਕ ਖਾਤਿਆਂ ਵਿਚ ਰਕਮਾਂ ਜਮ੍ਹਾ ਕਰਵਾ ਦਿਤੀਆਂ ਜਾਂਦੀਆ ਹਨ।

ਮੈਂਬਰ ਸਕੱਤਰ ਵਲੋਂ ਅੱਗੇ ਦੱਸਿਆ ਗਿਆ ਕਿ ਪੰਜਾਬ ਬੋਰਡ ਵਲੋਂ ਲਾਭਪਾਤਰੀਆਂ ਨੂੰ ਲਾਭ ਦੇਣ ਲਈ ਸਬ ਡਵੀਜਨ ਪੱਧਰ ਤੇ ਜੋ ਕਮੇਟੀਆਂ ਬਣਾਈਆਂ ਗਈਆ ਹਨ ਉਹ ਠੀਕ ਤਰੀਕੇ ਨਾਲ ਚਲ ਰਹੀਆਂ ਹਨ ਜਿਸ ਵਿਚ ਜਿਲ੍ਹਾ ਪ੍ਰਸ਼ਾਸਨ ਵੀ ਪੂਰਾ ਯੋਗਦਾਨ ਪਾਉਂਦਾ ਹੈ। ਇਸ ਲਈ ਇਸ ਸਿਸਟਮ ਨੂੰ ਹੀ ਚਾਲੂ ਰੱਖਿਆ ਜਾਵੇ।

ਬੋਰਡ ਮੈਂਬਰਾਂ ਵਲੋਂ ਇਸ ਤੇ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| 21ਵੀਂ ਮੀਟਿੰਗ<br>ਅਜੰਡਾ ਆਈਟਮ<br>ਨੰ: 3 | ਭਾਰਤ ਸਰਕਾਰ ਵੱਲੋ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਸੈਸ ਦੀ ਵਰਤੋ ਲਈ ਬੀ.ਓ.ਸੀ.ਡਬਲਿਯੂ. (ਆਰ.ਈ. ਐਂਡ ਸੀ.ਐਸ.) ਐਕਟ, 1996, ਦੀ ਧਾਰਾ 60 ਅਧੀਨ ਜਾਰੀ ਕੀਤੇ ਹੁਕਮਾਂ ਸਬੰਧੀ। |

ਮੈਂਬਰ ਸਕੱਤਰ ਵਲੋ ਦੱਸਿਆ ਗਿਆ ਕਿ ਕੇਂਦਰ ਸਰਕਾਰ ਵਲੋਂ ਕੇਂਦਰ ਐਕਟ 1996 ਦੀ ਧਾਰਾ 60 ਅਧੀਨ ਜਾਰੀ ਹਦਾਇਤਾਂ ਅਨੁਸਾਰ ਹੇਠ ਲਿਖੀਆਂ ਸਕੀਮਾਂ ਅਧੀਨ ਚਲ ਰਹੇ ਕੰਮਾਂ ਨੂੰ ਬੰਦ ਕਰਨ ਜਾਂ ਜਾਰੀ ਰੱਖਣ ਬਾਰੇ ਇਸ ਦਫਤਰ ਦੇ ਪੱਤਰ ਨੰ: 5877/ਸ-2 ਮਿਤੀ 20.7.2016 ਰਾਹੀਂ ਕੇਂਦਰ ਸਰਕਾਰ ਪਾਸੋ ਅਗਵਾਈ ਮੰਗੀ ਗਈ ਸੀ।

1. ਲੇਬਰ ਸ਼ੈਡ-ਕਮ-ਨਾਈਟ ਸੈਲਟਰਾਂ ਦੀ ਉਸਾਰੀ।
2. ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ।
3. ਅਰਬਨ ਹੈਲਥ ਕਿਆਸਕ ਸਕੀਮ ਅਧੀਨ ਪੰਜਾਬ ਅਰਬਨ ਹੈਲਥ ਸੋਸਾਈਟੀ ਨੂੰ ਵਿਤੀ ਸਹਾਇਤਾ ਦੇਣ ਬਾਰੇ।
4. ਮੋਬਾਇਲ ਲੈਬ ਸਕੀਮ।

ਮੈਂਬਰ ਸਕੱਤਰ ਵਲੋਂ ਅੱਗੇ ਦੱਸਿਆ ਗਿਆ ਕਿ ਓਹ ਮਿਤੀ 22.8.2016 ਨੂੰ ਦਿੱਲੀ ਵਿਖੇ ਜਾ ਕੇ ਕਿਰਤ ਮੰਤਰਾਲੇ ਦੇ ਜੁਆਇੰਟ ਸਕੱਤਰ ਨਾਲ ਗਲ ਬਾਤ ਕਰਕੇ ਆਏ ਹਨ ਅਤੇ ਉਨ੍ਹਾਂ ਨੇ ਦੱਸਿਆ ਗਿਆ ਹੈ ਕਿ

ਇਸ ਬਾਰੇ ਹੋਰ ਵੀ ਬਹੁਤ ਸਾਰੇ ਰਾਜਾਂ ਵਲੋਂ ਅਜਿਹੀ ਅਗਵਾਈ ਮੰਗੀ ਗਈ ਹੈ। ਇਸ ਲਈ ਇਸ ਤੇ ਕੇਂਦਰ ਸਰਕਾਰ ਵਲੋਂ ਵਿਚਾਰ ਕਰਕੇ ਯੋਗ ਫੈਸਲਾ ਲਿਆ ਜਾਣਾ ਹੈ ਜਿਸ ਬਾਰੇ ਬਾਅਦ ਵਿਚ ਰਾਜਾਂ ਨੂੰ ਦੱਸ ਦਿਤਾ ਜਾਵੇਗਾ। ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜਿਤਨੀ ਦੇਰ ਤੱਕ ਕੇਂਦਰ ਸਰਕਾਰ ਵਲੋਂ ਕੋਈ ਅਗਵਾਈ ਨਹੀਂ ਦਿਤੀ ਜਾਂਦੀ ਉਨ੍ਹੀ ਦੇਰ ਤਕ ਇਨ੍ਹਾਂ ਸਕੀਮਾਂ ਤੇ ਅੱਗੇ ਕਾਰਵਾਈ ਰੋਕ ਦਿਤੀ ਜਾਵੇ ਅਤੇ ਸਾਰੀ ਸਥਿਤੀ ਬਾਰੇ status quo ਕਾਇਮ ਰੱਖਿਆ ਜਾਵੇ। ਸਾਰੇ ਮੈਂਬਰ ਸਹਿਬਾਨ ਵੱਲੋਂ ਮਾਨਯੋਗ ਕਿਰਤ ਮੰਤਰੀ-ਕਮ-ਚੇਅਰਮੈਨ ਜੀ ਨੂੰ ਬੇਨਤੀ ਕੀਤੀ ਗਈ ਕਿ ਉਹ ਖੁਦ ਇਸ ਮਸਲੇ ਬਾਰੇ ਕੇਂਦਰੀ ਕਿਰਤ ਮੰਤਰੀ ਨਾਲ ਨਿੱਜੀ ਤੌਰ ਤੇ ਤਾਲਮੇਲ ਕਰਨ ਤਾਂ ਜ਼ੋ ਇਸ ਮਸਲੇ ਦਾ ਕੋਈ ਸਾਰਥਕ ਹੱਲ ਨਿਕਲ ਸਕੇ।

| | |
|---|---|
| ਅਜੰਡਾ ਆਈਟਮ ਨੰ: 4 | ਪੰਜਾਬ ਬੀ.ਓ.ਸੀ. ਡਬਲਿਯੂ. ਬੋਰਡ ਵੱਲੋ ਪੰਜੀਕ੍ਰਿਤ ਲਾਭਪਾਤਰੀਆਂ ਲਈ ਚਲਾਈਆਂ ਜਾ ਰਹੀਆਂ ਡਬਲ ਬੈਨੀਫਿਟ ਸਕੀਮਾਂ ਵਿੱਚ ਸੋਧ ਬਾਰੇ। |

ਮੈਂਬਰ ਸਕੱਤਰ ਵੱਲੋ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਬੋਰਡ ਦੇ ਮਿਤੀ 19.7.2016 ਦੇ ਫੈਸਲੇ ਅਨੁਸਾਰ ਕਾਰਵਾਈ ਕਰਨ ਲਈ ਖੇਤਰੀ ਅਧਿਕਾਰੀਆਂ ਨੂੰ ਲਿਖ ਦਿਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ 19.7.2016 ਤੱਕ ਕਾਫੀ ਕੇਸ ਅਜਿਹੇ ਸਨ ਜਿਨ੍ਹਾਂ ਵਿਚ ਅਰਜ਼ੀਆਂ ਪ੍ਰਾਪਤ ਹੋ ਗਈਆਂ ਸਨ ਅਤੇ ਕਮੇਟੀ ਤੋਂ ਪਾਸ ਹੋਣ ਉਪਰੰਤ ਬਣਦੀ ਰਕਮ ਉਨ੍ਹਾਂ ਦੇ ਖਾਤਿਆਂ ਵਿਚ ਪਾਈ ਜਾ ਰਹੀ ਸੀ। ਇਸ ਲਈ ਜਿਨ੍ਹਾਂ ਕੇਸਾਂ ਦੀਆਂ ਅਰਜੀਆਂ ਪ੍ਰਾਸੈਸ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਸਾਰੇ ਕੇਸਾਂ ਵਿਚ ਡਵਲ ਬੈਨੀਫਿਟ ਨਾਂ ਲੈਣ ਵਾਲੀ ਸ਼ਰਤ ਲਗਾਈ ਜਾਵੇ।

ਇਸ ਨੂੰ ਵਿਚਾਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਅੱਜ ਤੱਕ ਜਿਨ੍ਹਾਂ ਲਾਭਪਾਤਰੀਆਂ ਦੀਆਂ ਰਕਮਾਂ ਬੈਂਕ ਨੂੰ ਲਾਭ ਉਨ੍ਹਾਂ ਦੇ ਖਾਤਿਆਂ ਵਿਚ ਪਾਣ ਲਈ ਭੇਜ਼ ਦਿਤੀਆਂ ਹਨ ਉਨ੍ਹਾਂ ਨੂੰ ਛੱਡ ਕੇ ਬਾਕੀ ਸਾਰੇ ਕੇਸ ਚਾਹੇ ਉਹ 19.7.2016 ਤੋਂ ਪਹਿਲਾਂ ਦੇ ਹਨ ਜਾਂ ਬਾਦ ਦੇ ਹਨ ਸਾਰੇ ਦੇ ਸਾਰੇ ਕੇਸਾਂ ਵਿਚ ਲਾਭਪਾਤਰੀ ਪਾਸੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇ ਕਿ ਉਸ ਵਲੋਂ ਉਕਤ ਸਕੀਮਾਂ ਅਧੀਨ ਡਬਲ ਬੈਨੀਫਿਟ ਨਹੀਂ ਲਿਆ ਗਿਆ। ਬੋਰਡ ਦੇ ਮੁੱਖ ਦਫਤਰ ਵਿਚ ਜਿਤਨੇ ਵੀ ਅਜਿਹੇ ਕੇਸ ਜਿਨ੍ਹਾਂ ਵਿਚ ਡਬਲ ਬੈਨੀਫਿਟ ਲੈਣ ਦੀ ਗੁੰਜਾਇਸ਼ ਹੈ ਉਹ ਸਾਰੇ ਕੇਸ ਖੇਤਰੀ ਅਧਿਕਾਰੀਆਂ ਨੂੰ ਸਵੈ-ਘੋਸ਼ਣਾ ਪੱਤਰ ਪ੍ਰਾਪਤ ਕਰਨ ਲਈ ਵਾਪਸ ਭੇਜ ਦਿਤੇ ਜਾਣ।

| | |
|---|---|
| 22ਵੀਂ ਮੀਟਿੰਗ ਅਜੰਡਾ ਆਈਟਮ ਨੰ:3 | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਸਕਿਲ ਡਿਵੈਲਪਮੈਂਟ ਸੈਂਟਰਾਂ ਦੀਆਂ ਬਿਲਡਿੰਗਾਂ ਦੀ ਉਸਾਰੀ ਦੇ ਕੇਸਾਂ ਦੇ ਸਬੰਧ ਵਿਚ ਅਦਾਇਗੀ ਕਰਨ ਬਾਰੇ। |

ਮੈਂਬਰ ਸਕੱਤਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੰਜਾਬ ਹਾਊਸਿੰਗ ਕਾਰਪੋਰੇਸ਼ਨ ਵਲੋਂ ਪੰਜਾਬ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਨੂੰ ਹੁਣ ਤੱਕ 4.77 ਕਰੋੜ ਰੁਪਏ ਦਿਤੇ ਜਾ ਚੁੱਕੇ ਹਨ। ਕਾਰਪੋਰੇਸ਼ਨ ਵਲੋਂ ਹੁਣ ਦੱਸਿਆ ਗਿਆ ਕਿ ਉਹ 7.27 ਕਰੋੜ ਰੁਪਏ ਖਰਚ ਚੁੱਕੇ ਹਨ ਅਤੇ ਉਨ੍ਹਾਂ ਨੂੰ ਠੇਕੇਦਾਰ ਨੂੰ ਪਿਛਲੀਆਂ ਅਦਾਇਗੀਆਂ ਕਰਨ ਲਈ ਅਤੇ ਕੰਮ ਚਾਲੂ ਰੱਖਣ ਲਈ 4 ਕਰੋੜ ਰੁਪਏ ਦੀ ਹੋਰ ਰਾਸ਼ੀ ਰਲੀਜ਼ ਕੀਤੀ ਜਾਵੇ।

ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜਿਨ੍ਹੀ ਦੇਰ ਕੇਂਦਰ ਸਰਕਾਰ ਪਾਸੋਂ ਮੰਗੀ ਗਈ ਅਗਵਾਈ ਪ੍ਰਾਪਤ ਨਹੀਂ ਹੁੰਦੀ ਉਨ੍ਹੀ ਦੇਰ ਤੱਕ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਕੋਈ ਅਦਾਇਗੀ ਨਾਂ ਕੀਤੀ ਜਾਵੇ ਅਤੇ ਸਾਰੀ ਸਥਿਤੀ ਬਾਰੇ status quo ਕਾਇਮ ਰੱਖਿਆ ਜਾਵੇ ਅਤੇ ਪੰਜਾਬ

ਪੁਲਿਸ ਹਾਊਸਿੰਗ ਪਾਸੋ ਹੁਣ ਤੱਕ ਕੀਤੇ ਗਏ ਕੰਮ ਦੀ ਪੂਰੀ measurement ਅਤੇ ਕਿਨ੍ਹਾਂ ਖਰਚਾ ਹੋਇਆ ਹੈ ਦੀ ਡਿਟੇਲ ਮੰਗੀ ਜਾਵੇ।

ਅਜੰਡਾ ਆਈਟਮ ਨੰ: 2 ਸਾਈਕਲ ਸਕੀਮ ਅਧੀਨ ਹੋਈ ਪ੍ਰਗਤੀ ਬਾਰੇ।

ਮੈਂਬਰ ਸਕੱਤਰ ਵਲੋਂ ਸਾਈਕਲ ਸਕੀਮ ਅਧੀਨ ਹੋਈ ਪ੍ਰਗਤੀ ਬਾਰੇ ਦੱਸਿਆ ਗਿਆ ਕਿ ਹੁਣ ਤੱਕ 42031 ਸਾਈਕਲਾਂ ਦੀ ਡੀਮਾਂਡ ਖੇਤਰੀ ਅਧਿਕਾਰੀਆਂ ਪਾਸੋਂ ਪ੍ਰਾਪਤ ਹੋਈ ਸੀ ਅਤੇ 33349 ਸਾਈਕਲਾਂ ਦੀ ਸਪਲਾਈ ਲਈ ਆਡਰ ਬੋਰਡ ਵਲੋਂ ਜਾਰੀ ਕੀਤਾ ਜਾ ਚੁਕਿਆ ਹੈ। ਖੇਤਰੀ ਅਧਿਕਾਰੀਆਂ ਵਲੋਂ 7623 ਸਾਈਕਲ ਪ੍ਰਾਪਤ ਕੀਤੇ ਗਏ ਜਿਸ ਵਿਚੋਂ 4331 ਸਾਈਕਲਾਂ ਦੀ ਵੰਡ ਕੀਤੀ ਜਾ ਚੁੱਕੀ ਹੈ। ਬੋਰਡ ਵਲੋਂ ਸਪਸ਼ਟ ਕੀਤਾ ਗਿਆ ਕਿ ਖੇਤਰੀ ਅਧਿਕਾਰੀ ਸਾਈਕਲਾਂ ਦੀ ਸਪਲਾਈ ਪ੍ਰਾਪਤ ਕਰਨ ਵੇਲੇ ਸਿਰਫ ਸਹੀ ਸਾਈਕਲਾਂ ਦੀ ਹੀ ਪ੍ਰਾਪਤੀ ਦੇਣ ਅਤੇ ਜ਼ੋ ਸਾਈਕਲ ਡਿਫੈਕਟੀਵ ਹੋਣ ਉਹ ਪ੍ਰਾਪਤ ਨਾ ਕੀਤੇ ਜਾਣ ਅਤੇ ਅਜਿਹੇ ਸਾਈਕਲਾਂ ਨੂੰ ਵਾਪਸ ਲੈ ਜਾਣ ਦੀ ਜਿੰਮੇਵਾਰੀ ਕੰਪਨੀ ਦੀ ਹੋਵੇਗੀ ਅਤੇ ਬੋਰਡ ਵਲੋਂ ਡਿਫੈਕਟਿਵ ਸਾਈਕਲਾਂ ਦੀ ਪੇਮੈਂਟ ਕੰਪਨੀ ਨੂੰ ਨਾ ਕੀਤੀ ਜਾਵੇ। ਸਾਈਕਲਾਂ ਦੀ ਸਪਲਾਈ ਕਰਨ ਤੋਂ ਪਹਿਲਾਂ ਇੰਸਪੈਕਸ਼ਨ ਕਮੇਟੀ ਵਲੋਂ quality ensure ਕਰਨ ਲਈ ਕਾਰਵਾਈ ਮੁਕੰਮਲ ਕੀਤੀ ਜਾਵੇ।

ਅਜੰਡਾ ਆਈਟਮ ਨੰ: 5 ਸ੍ਰੀ ਸੁਚਾ ਸਿੰਘ ਬਾਂਡੀ ਡਿਪਟੀ ਸਕੱਤਰ ਦੀ ਨਿਯੁਕਤੀ ਵਿਚ ਵਾਧਾ ਕਰਨ ਬਾਰੇ।

ਇਹ ਆਈਟਮ ਬੋਰਡ ਵਲੋਂ defer ਕੀਤੀ ਗਈ ਹੈ ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1 ਬੋਰਡ ਦੇ ਸਾਲ 2015-16 ਦੇ ਤਿਆਰ ਕੀਤੇ ਲੇਖੇ (Balance Sheet) ਦੀ ਪ੍ਰਵਾਨਗੀ ਬਾਰੇ।**

ਇਹ ਆਈਟਮ ਬੋਰਡ ਵਲੋਂ defer ਕੀਤੀ ਗਈ ਹੈ ਅਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਆਦੇਸ਼ ਦਿਤਾ ਗਿਆ ਕਿ ਸਾਲ 2015-16 ਦੀ ਸੀ.ਏ. ਦੀ ਰਿਪੋਰਟ ਦੀ ਘੋਖ ਕਰ ਲਈ ਜਾਵੇ।

ਅੰਤ ਵਿਚ ਮਾਨਯੋਗ ਕਿਰਤ ਮੰਤਰੀ-ਕਮ-ਚੇਅਰਮੈਨ ਜੀ ਵਲੋਂ ਕਿਹਾ ਗਿਆ ਕਿ ਬੋਰਡ ਦੇ ਕੰਮ ਵਿਚ ਹੋਰ ਤੇਜੀ ਲਿਆਈ ਜਾਵੇ ਅਤੇ ਉਨ੍ਹਾਂ ਵਲੋ ਵਿਚਾਰ ਪ੍ਰਗਟ ਕੀਤੇ ਗਏ ਕਿ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਬੰਧੀ ਤੁਰੰਤ ਹੱਲ ਲੱਭਿਆ ਜਾਵੇ ਕਿਉਕਿ ਦੇਰੀ ਹੋਣ ਨਾਲ ਸਾਈਟਾਂ ਤੇ ਕੰਸਟਰਕਸ਼ਨ ਸਬੰਧੀ ਪਿਆ ਸਮਾਨ ਖਰਾਬ ਹੋ ਜਾਵੇਗਾ ਅਤੇ ਪ੍ਰੋਜੈਕਟ ਨੂੰ ਸੁਰੂ ਕਰਨ ਵਿਚ ਬਹੁਤ ਦੇਰੀ ਹੋ ਜਾਵੇਗੀ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਬੋਰਡ ਵਲੋਂ ਲਏ ਗਏ ਫੈਸਲਿਆਂ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਵੇ।

ਮੀਟਿੰਗ ਮਾਨਯੋਗ ਚੇਅਰਮੈਨ ਬੋਰਡ ਜੀ ਦੇ ਧੰਨਵਾਦ ਮੱਤੇ ਨਾਲ ਸਮਾਪਤ ਹੋਈ।